੦੧੫

ਨਿਰਭਉ

(ਲੇਖਕ: ਬਲਵਿੰਦਰ ਸਿੰਘ)

ਦੁਨੀਆਂ ਵਿੱਚ ਸ਼ਾਇਦ ਹੀ ਕੋਈ ਮਨੁੱਖ ਅਜਿਹਾ ਹੋਵੇ ਜੋ ਭੈ-ਮੁਕਤ ਹੋਵੇ। ਲਗਾਤਾਰ ਡਰ ਮਨੁੱਖ ਦੇ ਅੰਦਰ ਹਰ ਵੇਲੇ ਬਣਿਆ ਰਹਿੰਦਾ ਹੈ ਕਿ ਖ਼ਬਰੇ ਇਹ ਕੰਮ ਹੋਵੇਗਾ ਕਿ ਨਹੀਂ। ਕੋਈ ਵਿਰਲਾ ਮਨੁੱਖ ਹੀ ਡਰ ਰਹਿਤ, ਭੈ ਰਹਿਤ, ਭੈ ਮੁਕਤ ਜਾਂ ਨਿਰਭਉ ਹੋਵੇਗਾ। ਜੇ ਵਿਸ਼ਲੇਸ਼ਣ ਕੀਤਾ ਜਾਏ ਤਾਂ ਗੱਲ ਖੁੱਲ੍ਹ ਕੇ ਸਾਹਮਣੇ ਆਵੇਗੀ ਕਿ ਜਿਸ ਤਰ੍ਹਾਂ ਚਿੰਤਾ ਅਹੰਕਾਰ ਦਾ ਇੱਕ ਵਿਗੜਿਆ ਹੋਇਆ ਰੂਪ ਹੈ, ਬਿਲਕੁੱਲ ਇਸੇ ਤਰ੍ਹਾਂ ਅੰਦਰ ਡਰ ਦਾ ਬਣਿਆ ਰਹਿਣਾ ਅਵਿਸ਼ਵਾਸ ਦਾ ਰੂਪ ਹੈ। ਅਸੀਂ ਇਸ ਮਾਨਸਿਕ ਅਵਸੱਥਾ ਤੇ ਪੁੱਜਦੇ ਹੀ ਨਹੀਂ ਕਿ ਕਰਨ ਕਾਰਨ ਸਮਰੱਥ, ਸਰਬ ਕਲਾ ਭਰਪੂਰ, ਸਰਬ-ਸ਼ਕਤੀਮਾਨ ਅਕਾਲ ਪੁਰਖ ਖ਼ੁਦ ਆਪ ਹੈ। ਡਰਾਂ ਵਿੱਚੋਂ ਸਭ ਤੋਂ ਵੱਡਾ ਡਰ ਮੌਤ ਦਾ ਡਰ ਹੈ। ਅਕਾਲ ਪੁਰਖ ਜਿਸ ਨੂੰ ਕਦੀ ਮੌਤ ਨਹੀਂ ਆਉਂਦੀ, ਜੋ ਕਾਲ ਦਾ ਕਾਲ ਹੈ, ਮੌਤ ਦੀ ਮੌਤ ਹੈ, ਜਿਸ ਨੂੰ "ਨਮੋ ਕਾਲ ਕਾਲੇ" ਕਹਿ ਕੇ ਸਤਿਗੁਰਾਂ ਨੇ ਉਸ ਦੀ ਬੰਦਨਾ ਕੀਤੀ ਹੈ, ਉਸ ਤੋਂ ਤਾਂ ਅਸੀਂ ਡਰਦੇ ਹੀ ਨਹੀਂ, ਐਵੇਂ ਮਾੜੀ-ਮਾੜੀ ਗੱਲੋਂ ਝੁਰਿੰਦੇ ਰਹਿੰਦੇ ਹਾਂ। ਜੇ ਸਾਡੀ ਰਤਾ ਕੁ ਜਿੰਨੀ ਯਾਰੀ ਜਾਂ ਸਨੇਹ ਵਾਹਿਗੁਰੂ ਨਾਲ ਹੋ ਜਾਵੇ ਤਾਂ ਅਸੀਂ ਨਿਰਭਉ ਹੋ ਜਾਵਾਂਗੇ ਅਤੇ ਨਿਰਭੈਤਾ ਦੇ ਗੁਣ, ਭਾਵ ਵਾਹਿਗੁਰੂ ਦੇ ਗੁਣ ਸਹਿਜੇ ਸਹਿਜੇ ਸਾਡੇ ਅੰਦਰ ਪ੍ਰਵੇਸ਼ ਕਰਨ ਲੱਗ ਪੈਣਗੇ। ਪਾਤਸ਼ਾਹ ਹੁਕਮ ਕਰਦੇ ਹਨ:

- ਨਾ ਓਹੁ ਮਰਤਾ ਨਾ ਹਮ ਡਰਿਆ॥ ਨਾ ਓਹੁ ਨਿਰਧਨੁ ਨਾ ਹਮ ਭੂਖੇ॥
ਨਾ ਓਸੁ ਦੂਖੁ ਨ ਹਮ ਕਉ ਦੂਖੇ॥ ਅਵਰੁ ਨ ਕੋਊ ਮਾਰਨਵਾਰਾ॥
ਜੀਅਉ ਹਮਾਰਾ ਜੀਉ ਦੇਨਹਾਰਾ॥ਰਹਾਉ॥ (੩੯੧)

ਨਿਰਭਉ ਬੰਦਾ ਸੁਭਾਵਕ ਤੌਰ 'ਤੇ ਡਾਢਾ ਹੁੰਦਾ ਜਾਵੇਗਾ। ਜਦੋਂ ਅਜਿਹੇ ਮਨੁੱਖ ਨੂੰ ਯਕੀਨ ਹੋ ਜਾਏ ਕਿ ਉਹ ਸਭਨਾਂ ਤੋਂ ਤਕੜਾ ਹੈ, ਹੁਣ ਉਸਨੂੰ ਕੋਈ ਕਹਿਣ ਵਾਲਾ ਨਹੀਂ ਹੈ ਤਾਂ ਉਸਦਾ ਨਿਰਭਉ ਹੋਣਾ ਉਸ ਨੂੰ ਜਾਬਰ ਤੇ ਜ਼ਾਲਮ ਬਣਾ ਦਿੰਦਾ ਹੈ। ਇੱਕ ਵਾਹਿਗੁਰੂ ਹੀ ਐਸਾ ਹੈ ਜੋ ਨਿਰਭਉ ਹੋਣ ਦੇ ਨਾਲ-ਨਾਲ ਨਿਰਵੈਰ ਵੀ ਹੈ। ਉਹ ਇਤਨਾ ਨਿਰਵੈਰ ਹੈ ਕਿ ਔਗੁਣਾਂ ਨੂੰ ਵੀ ਨਹੀਂ ਚਿਤਾਰਦਾ। ਉਹ ਇਤਨਾ ਨਿਰਵੈਰ ਹੈ ਕਿ ਔਗੁਣਹਾਰਿਆਂ ਨੂੰ ਪਾਲਦਾ ਹੈ। ਉਹ ਇਤਨਾ ਨਿਰਵੈਰ ਹੈ ਕਿ ਨਿਰਾ ਔਗੁਣਾਂ ਨੂੰ ਹੀ ਨਹੀਂ, ਔਗੁਣਹਾਰੇ ਨੂੰ ਵੀ ਬਖ਼ਸ਼ ਦਿੰਦਾ ਹੈ। ਉਹ ਇਤਨਾ ਬਖਸ਼ਿੰਦ ਹੈ ਕਿ ਆਪਣਾ ਨਾਮ ਬਖ਼ਸ਼ਿਸ਼ ਕਰਕੇ ਸਾਨੂੰ ਦੇ ਦਿੰਦਾ ਹੈ ਅਤੇ ਇਸ ਬਖ਼ਸ਼ਿਸ਼ ਕਾਰਨ ਗੁਰਮੁਖਾਂ ਦੀ ਗੱਲ ਉਸ ਦੀ ਦਰਗਾਹ ਵਿੱਚ ਵੀ ਮੁੱਲ ਰੱਖਦੀ ਹੈ ਤੇ ਉਨ੍ਹਾਂ ਦੀ ਗੱਲ ਮੋੜੀ ਹੀ ਨਹੀਂ ਜਾਂਦੀ। ਉਨ੍ਹਾਂ ਦੀ ਗੱਲ ਚਲਦੀ ਹੈ।

ਸੱਚਾ ਨਿਰਭਉ ਨਿਰੰਕਾਰ ਹੀ ਇੱਕ ਅਜਿਹਾ ਮਿਹਰਬਾਨ ਹੈ ਕਿ ਉਹ ਖੁਸ਼ ਹੋ ਕੇ ਮਿਹਰ ਦੇ ਮੁਕਾਮ ਤੇ ਆ ਕੇ ਆਪਣਾ ਨਾਮ ਹੀ ਬਖ਼ਸ਼ਸ਼ ਦਿੰਦਾ ਹੈ, ਭਾਵ ਭਗਤ ਤੇ ਭਗਵਾਨ ਵਿੱਚ ਕੋਈ ਅੰਤਰ ਹੀ ਨਹੀਂ ਰਹਿ ਜਾਂਦਾ। ਹਰਿ, ਹਰਿ-ਜਨ ਦੋਇ ਇੱਕੋ ਹੀ ਹੋ ਜਾਂਦੇ ਹਨ। ਪਾਤਸ਼ਾਹ ਹੁਕਮ ਕਰਦੇ ਹਨ ਕਿ ਜਿਹੜੇ ਉਸਦੇ ਰੰਗ ਵਿੱਚ ਰੰਗੇ ਜਾਂਦੇ ਹਨ, ਉਹ ਫਿਰ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦੇ। ਜਿਹੜੇ ਉਸਦੇ ਰੰਗ ਵਿੱਚ ਰੱਤੇ ਗਏ, ਉਨ੍ਹਾਂ ਦਾ ਜਨਮ ਮਰਨ ਦਾ ਭੈਅ ਲਹਿ ਜਾਂਦਾ ਹੈ। ਉਹ ਨਿਰਭਉ ਵਾਹਿਗੁਰੂ ਸਰੂਪ ਹੀ ਹੋ ਜਾਂਦੇ ਹਨ:

- ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਨਾ॥ ਅੰਤਰਿ ਬਾਹਰਿ ਇਕੁ ਨੈਣ ਅਲੋਵਣਾ॥
ਜਿਨ੍ਹੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥ ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ॥ (੫੨੩)

ਗੁਰੂ ਨਾਨਕ ਪਾਤਸ਼ਾਹ ਫੁਰਮਾਂਦੇ ਹਨ ਕਿ ਨਿਰੰਕਾਰ ਨਿਰਭਉ ਹੈ, ਉਹ ਸੱਚ ਹੈ, ਉਹ ਇੱਕ ਹੈ ਤੇ ਉਸ ਜੇਹਾ ਹੋਰ ਕੋਈ ਨਹੀਂ ਹੈ। **"ਤਿਸਹਿ ਸਰੀਕੁ ਨਾਹੀ ਰੇ ਕੋਈ"**, ਇਹ ਹੁਕਮ ਇੱਕ ਅਟੱਲ ਸਚਾਈ ਹੈ ਪਰ ਜੇ ਨਿਰਭੈ ਯੋਧੇ ਗੁਰੂ ਨਾਨਕ ਸਾਹਿਬ ਦੇ ਦਰਸ਼ਨ, ਉਸਦੀ ਕਿਰਪਾ ਨਾਲ ਰਤਾ ਕੁ ਉਸਦੇ ਨੇੜੇ ਹੋ ਕੇ ਕਰੀਏ ਅਤੇ ਇਸ ਤੁਕ ਦੇ ਅਰਥ

"ਜੋਤਿ ਰੂਪ ਹਰਿ ਆਪ", ਗੁਰੂ ਨਾਨਕ ਦੇਵ ਜੀ ਦੇ ਸਬੰਧ ਵਿੱਚ ਕੀਤੇ ਜਾਣ ਤਾਂ ਇਸ ਭਾਵਨਾ ਦਾ ਇਤਨਾ ਹੀ ਠੁੱਕ ਦਿਸ ਆਵੇਗਾ ਕਿ ਜੁਗਾਂ ਜੁਗਾਂ ਦੇ ਰਾਜੇ ਤੇ ਹੋਰ ਕੇਤੇ ਰਾਮ ਨਿਰੰਕਾਰ ਦੇ ਚਰਨਾਂ ਦੀ ਰਵਾਲ ਤੇ ਧੂੜ ਨਜ਼ਰ ਆਉਣਗੇ।

- ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ (੪੬੪)

ਹੁਕਮ ਹੈ ਕਿ ਪਵਨ, ਦਰਿਆ ਤੇ ਦਰਿਆਵਾਂ ਦਾ ਪਾਣੀ, ਸਵਰਗਾਂ ਦਾ ਰਾਜਾ ਇੰਦਰ ਤੇ ਧਰਮਰਾਜ, ਸੂਰਜ, ਚੰਦ, ਧਰਤੀ ਤੇ ਅਨੇਕਾਂ ਗ੍ਰਹਿ, ਵੱਖ-ਵੱਖ ਮੱਤਾਂ ਤੇ ਸਿੱਧ, ਨਾਥ, ਜੋਗੀ ਜੰਗਮ, ਸਰੇਵੜੇ, ਬੁੱਧ, ਵੱਡੇ-ਵੱਡੇ ਯੋਧੇ, ਮਹਾਂਬਲੀ ਸੂਰਮੇ, ਮਰ-ਮਰ ਜੰਮਦੀ ਦੁਨੀਆਂ ਤੇ ਉਸ ਦੇ ਪੂਰਾਂ ਦੇ ਪੂਰ ਸਭ ਵਾਹਿਗੁਰੂ ਦੇ ਭੈਅ ਅੰਦਰ ਹਨ। ਸਾਰਿਆਂ ਦੇ ਸਿਰ ਉਸ ਦੇ ਹੁਕਮ ਅੱਗੇ ਝੁੱਕੇ ਹੋਏ ਹਨ। ਸਤਿਗੁਰ ਨਾਨਕ ਪਾਤਸ਼ਾਹ ਜੀ ਉਸ ਅਕਾਲ ਪੁਰਖ ਨਾਲ ਜੁੜ ਕੇ ਅਕਾਲ ਪੁਰਖ ਹੀ ਹੋ ਗਏ ਅਤੇ ਉਹ ਸੱਚ ਸਰੂਪ ਨਿਰਭਉ ਨਿਰੰਕਾਰ ਹੀ ਹਨ:

- ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ॥ (੮੧੭)